Events Posters
Sri Bhaini Sahib

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਪ੍ਰਕਾਸ਼ ਸ਼ਤਾਬਦੀ

1ST CENTENARY

1920 - 2020



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਖੀ ਮਿਲਹੁ ਰਸਿ ਮੰਗਲੁ ਗਾਵਹੁ
ਹਮ ਘਰਿ ਸਾਜਨੁ ਆਇਆ ॥

ਹਾਜ਼ਰਾ ਹਜ਼ੂਰ

ਸ੍ਰੀ ਸਤਿਗੁਰੂ ਉਦੈ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਦੀਆਂ
ਸਮੂਹ ਸਾਧ ਸੰਗਤ ਨੂੰ ਬੇਅੰਤ ਵਧਾਈਆਂ



ਸ਼ਹੀਦੀ ਸਾਕਾ ਰਾਇਕੋਟ

Martyrs of Saka Raikot




ੴ









THE QUALITY OF LIFE

Colourful & Beautiful

MATA CHAND KAUR JI

WWW.KUKASIKHS.COM




Vidwan
Jayachandra Rao
Mrudangam
Balwant Singh
Vocal
Vidhushi
Charulatha Ramanujam
Violin
Pandit
Anindo Chatterjee
Tabla
Vidwan
Giridhar Udupa
Ghatam
Vidwan
Sikkil Gurucharan
Vocal
Murad Ali Khan
Sarangi
© SriBhainiSahib.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

350th Prakash Purab of Guru Gobind Singh Ji



"If all means to pacify the tyrant fails,then rising of sword is pious and just."

Guru Gobind Singh Ji was born at Patna Sahib 350 years ago to mother Mata Gujri and father Guru Teg Bahadar Ji.

Among those who had lost hope, he infused the spirit to stand up to oppression and fight for justice by initiating Khalsa Panth on Vaisakhi,1699. He fought against the corrupt priest class, selfish local chieftains and oppressive Mughal Empire.

Guru Gobind Singh Ji was well verse with sword as well as scripture. He composed bani in various languages e.g. Braj, Punjabi, Persian, Pashto etc and strengthening utmost faith in One Almighty God while simultaneously abhorring superstitions.

The subject matter of His bani entails a wide horizon viz. physical world , metaphysical aspect, historical facts, social progress and self development.





"...with the broom of knowledge, swipe off the litter of ignorance"


Let us connect with His bani, let us join to remember His contribution to the time and let's celebrate the 350th birth anniversary of the eminent personality Sahib Sri Guru Gobind Singh Ji

Namdhari Sikh Sangat UK

www.kukasikhs.com







Sri Satguru Guru Ram Singh was born on the auspicious day of Basant Panchami in the year 1816. Riayan (Bhaini Sahib) is a small village in the district of Ludhiana. It was here Guru Ram Singh was born. His father was Jassa Singh and mother Sadan Kaur.

Sri Satguru Ram Singh Ji was the pioneer of freedom struggle in India. Satguru Ram Singh Ji rejuvenated Sikhism by baptizing live devouts with sacred nectar (Amrit) and hoisted a white triangular flag at Sri Bhaini Sahib on 12th April 1857. Simultaneously he announced his social reforms and political strategy to oust the alien rulers from India. He was the first to evolve the principles of boycott, swadeshi, civil disobedience and noncooperation for achieving India's Independence. All these reforms were known as the Kuka Movement.

Encyclopedia Brittianca: (Satguru) Ram Singh was 'a Sikh philospher and reformer and the first Indian to use non-cooperation and boycott of British merchandise and services as a political weapon.'

ਮੰਗਲ ਹੋਹਿ ਧਰਾ ਧਰ ਮੈ ਊਤਰਯੋ ਅਵਤਾਰਨ ਕੋ ਅਵਤਾਰੀ॥

ਸਰਬ ਕਲਾ ਸਮਰਥ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਦੀਆਂ

ਸਮੂਹ ਸਾਧ ਸੰਗਤ ਨੂੰ

ਕੋਟਾਨਿ ਕੋਟਿ ਵਧਾਈਆਂ



ਬਰਤਾਨਵੀ ਹਕੂਮਤ ਦੇ ਬਾਗ਼ੀ ਨਾਮਧਾਰੀ ਸਿੱਖ



ਸ਼ਹੀਦ ਹੁੰਦੇ ਹੋਏ ਨਾਮਧਾਰੀ।



ਬਾਬਾ ਰਾਮ ਸਿੰਘ



ਡਾ. ਜੋਗਿੰਦਰ ਸਿੰਘ*

ਕੂਕਾ ਲਹਿਰ

ਸੰਨ 1849 ਵਿਚ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਤੇ ਕਬਜ਼ਾ ਕਰ ਲਿਆ, ਪਰ ਖ਼ਾਲਸਾ ਰਾਜ ਦੇ ਸਿਰੜੀ ਯੋਧਿਆਂ ਨੇ ਭਾਈ ਮਹਾਰਾਜ ਸਿੰਘ ਦੀ ਅਗਵਾਈ ਅਧੀਨ ਅੰਗਰੇਜ਼ ਵਿਰੋਧੀ ਸੰਘਰਸ਼ ਨੂੰ ਚਲਦਾ ਰੱਖਿਆ। ਜਦੋਂ ਉਹ ਹਾਰ-ਹੰਭ ਗਏ ਤਾਂ ਨਾਮਧਾਰੀ ਗੁਰੂ ਰਾਮ ਸਿੰਘ ਨੇ ਇਸ ਸੰਘਰਸ਼ ਨੂੰ ਨਵੇਂ ਸਿਰਿਓਂ ਲਾਮਬੰਦ ਕੀਤਾ। ਉਨ੍ਹਾਂ ਨੇ 14 ਅਪ੍ਰੈਲ 1857 ਨੂੰ ਸੰਤ ਖ਼ਾਲਸੇ ਦਾ ਗਠਨ ਕੀਤਾ ਅਤੇ ਖ਼ਾਲਸਾ ਮਰਿਆਦਾ ਨੂੰ ਲਾਗੂ ਕੀਤਾ। ਬਾਬਾ ਰਾਮ ਸਿੰਘ ਦੇ ਪ੍ਰੇਰਨਾ ਸ੍ਰੋਤ ਗੁਰੂ ਗ੍ਰੰਥ ਸਾਹਿਬ ਅਤੇ ਪ੍ਰੇਮ ਸੁਮਾਰਗ ਸਨ। ਬਾਬਾ ਰਾਮ ਸਿੰਘ ਦੀ ਦ੍ਰਿਸ਼ਟੀ ਵਿਚ ਖ਼ਾਲਸਾ ਰਾਜ ਨੂੰ ਬਹਾਲ ਕਰਨ ਵਿਚ ਮਲੇਛ ਖ਼ਾਲਸੇ ਨੇ ਭੂਮਿਕਾ ਨਿਭਾਈ।

1860ਵਿਆਂ ਤੱਕ ਬਾਬਾ ਰਾਮ ਸਿੰਘ ਪ੍ਰਭਾਵਸ਼ਾਲੀ ਆਗੂ ਬਣ ਗਏ ਸਨ। ਉਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ 60,000 ਸੀ। ਸ਼ਰਧਾਲੂਆਂ ਦੀ ਬਹੁਗਿਣਤੀ ਛੋਟੇ ਤੇ ਦਰਮਿਆਨੇ ਜੱਟ ਸਿੱਖ ਕਾਸ਼ਤਕਾਰਾਂ ਦੀ ਸੀ। ਦੂਜੇ ਨੰਬਰ 'ਤੇ ਪੱਛੜੀਆਂ ਜਾਤਾਂ ਨਾਲ ਸਬੰਧਿਤ ਲੋਕ ਅਤੇ ਦਲਿਤ ਸਿੱਖ ਸਨ।

ਬਾਬਾ ਜੀ ਨੇ ਲਾਮਬੰਦੀ ਲਈ ਪਿੰਡਾਂ, ਕਸਬਿਆਂ ਅਤੇ ਨਗਰਾਂ ਵਿਚ ਆਪਣੇ ਵਿਸ਼ਵਾਸਪਾਤਰ ਸ਼ਰਧਾਲੂਆਂ ਵਿਚੋਂ ਸੂਬੇਦਾਰ, ਨਾਇਬ ਸੂਬੇਦਾਰ ਅਤੇ ਜਥੇਦਾਰ ਨਿਯੁਕਤ ਕੀਤੇ। ਇਨ੍ਹਾਂ ਸੂਬਿਆਂ ਦਾ ਸਮਾਜਿਕ ਪਿਛੋਕੜ ਦਿਲਚਸਪ ਸੀ। ਪੰਜ ਸੂਬੇ ਤਾਂ ਅੰਗਰੇਜ਼ ਫ਼ੌਜ ਵਿਚੋਂ ਜਾਂ ਤਾਂ ਅਸਤੀਫ਼ਾ ਦੇ ਕੇ ਆਏ ਜਾਂ ਬਰਖ਼ਾਸਤ ਕੀਤੇ ਗਏ। ਇਨ੍ਹਾਂ ਸੂਬਿਆਂ ਦੀ ਗਿਣਤੀ ਦੋ ਦਰਜਨ ਦੇ ਕਰੀਬ ਸੀ। ਸਰਕਾਰ ਇਨ੍ਹਾਂ ਨੂੰ ਅੰਤਾਂ ਦੇ ਕੱਟੜਪੰਥੀ ਅਤੇ ਉਪੱਦਰਵੀ ਸਮਝਦੀ ਸੀ, ਖ਼ਾਸ ਕਰਕੇ ਉਦੋਂ ਜਦੋਂ ਇਨ੍ਹਾਂ ਨੇ ਮੜ੍ਹੀਆਂ-ਮਸਾਣਾਂ ਨੂੰ ਢਾਹੁਣਾ ਸ਼ੁਰੂ ਕੀਤਾ।

ਰਿਆਸਤੀ ਫ਼ੌਜਾਂ ਵਿਚ ਭਰਤੀ ਹੋਏ ਕੂਕੇ ਸਿੱਖ ਵੀ ਅੰਗਰੇਜ਼ੀ ਸਰਕਾਰ ਦੇ ਸਾਬਕਾ ਸਿਵਲ ਦੇ ਕਰਮਚਾਰੀ ਅਤੇ ਫ਼ੌਜੀ ਸਨ। ਇਨ੍ਹਾਂ ਦੀ ਗਿਣਤੀ 33 ਦੇ ਕਰੀਬ ਸੀ। ਕੂਕੇ ਸਿੱਖਾਂ ਦਾ ਇਹ ਪਿਛੋਕੜ ਨਾਮਧਾਰੀ ਗੁਰੂ ਦੀ ਰਾਜਨੀਤਕ ਮਨਸ਼ਾ ਨੂੰ ਸਪੱਸ਼ਟ ਕਰਦਾ ਹੈ। ਸਰਕਾਰ ਦੇ ਨਜ਼ਰੀਏ ਤੋਂ ਨਾਮਧਾਰੀ ਗੁਰੂ ਜੁਝਾਰੂ ਪਿਛੋਕੜ ਦੇ ਸਿੱਖਾਂ ਨੂੰ ਪਨਾਹ ਦੇ ਰਿਹਾ ਸੀ।

ਨਾਮਧਾਰੀ ਗੁਰੂ ਨੇ ਸਿੱਖਾਂ ਵਿਚ ਸਮਾਜਿਕ ਅਤੇ ਧਾਰਮਿਕ ਚੇਤਨਾ ਪੈਦਾ ਕਰਨ ਅਤੇ ਸਿੱਖਾਂ ਨੂੰ ਗੁਰੂ ਦੇ ਲੜ ਲਾਉਣ ਲਈ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸੰਕਲਨ ਤਿਆਰ ਕਰਵਾਏ ਅਤੇ ਉਨ੍ਹਾਂ ਦਾ ਧਰਮਸ਼ਾਲਾਵਾਂ ਵਿਚ ਪ੍ਰਕਾਸ਼ ਕਰਵਾਇਆ। ਰਾਗੀ-ਢਾਡੀਆਂ ਦੇ ਜਥੇ ਤਿਆਰ ਕੀਤੇ ਅਤੇ ਦੀਵਾਨ ਲਗਾਏ। ਨਾਮਧਾਰੀ ਗੁਰੂ ਨੇ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ (ਅੰਮ੍ਰਿਤਸਰ, ਆਨੰਦਪੁਰ ਤੇ ਮੁਕਤਸਰ) ਦੇ ਦੌਰੇ ਕੀਤੇ। ਉਨ੍ਹਾਂ ਦੇ ਇਨ੍ਹਾਂ ਯਤਨਾਂ ਨਾਲ ਸਿੱਖਾਂ ਵਿਚ ਸਰਿਆਧਾਰਕ ਸ਼ਿਸ਼ਟਾਚਾਰ ਪੈਦਾ ਹੋਇਆ। ਗੁਰੂ ਦੇ ਮਸਲੇ ਉੱਤੇ ਉਨ੍ਹਾਂ ਦਾ ਟਕਰਾਅ ਗੁਰਦੁਆਰਿਆਂ ਦੇ ਮਹੰਤਾਂ/ਪੁਜਾਰੀਆਂ ਨਾਲ ਵੀ ਹੋਇਆ।

ਜੱਟ ਸਿੱਖ ਕਾਸ਼ਤਕਾਰ, ਦਸਤਕਾਰ ਅਤੇ ਹੋਰ ਕੰਮੀ-ਕਮੀਣ ਨਾਮਧਾਰੀ ਗੁਰੂ ਦੇ ਉਪਦੇਸ਼ ਵੱਲ ਇਸ ਕਰਕੇ ਖਿੱਚੇ ਗਏ ਕਿ ਉਸ ਵੇਲੇ ਧਾਰਮਿਕ ਸਥਾਨਾਂ 'ਤੇ ਕਾਬਜ਼ ਮਹੰਤ ਅਤੇ ਪੁਜਾਰੀ ਉਨ੍ਹਾਂ ਦਾ ਸਮਾਜਿਕ ਅਤੇ ਆਰਥਿਕ ਸ਼ੋਸ਼ਣ ਕਰ ਰਹੇ ਸਨ। ਇਸ ਸ਼੍ਰੇਣੀ ਨੇ ਗੁਰਦੁਆਰਿਆਂ ਦੇ ਚੜ੍ਹਾਵੇ ਅਤੇ ਜ਼ਮੀਨ ਜਾਇਦਾਦਾਂ ਤੋਂ ਹੁੰਦੀ ਆਮਦਨ ਨੂੰ ਆਪਣੇ ਨਿੱਜੀ ਸਵਾਰਥਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ। ਬਾਬਾ ਰਾਮ ਸਿੰਘ ਨੇ ਇਨ੍ਹਾਂ ਵਿਰੁੱਧ ਜਨ ਅੰਦੋਲਨ ਚਲਾਇਆ। ਉਨ੍ਹਾਂ ਨੇ ਸਿੱਖਾਂ ਨੂੰ ਅੰਧ-ਵਿਸ਼ਵਾਸ ਦੇ ਪ੍ਰਤੀਕਾਂ ਦੀ ਪੂਜਾ ਤੋਂ ਵਰਜਿਆ, ਕੇਵਲ ਨਾਮ ਸਿਮਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸ਼ਰਧਾਲੂਆਂ ਨੂੰ ਸਮਾਜਿਕ ਕੁਰੀਤੀਆਂ- ਬਾਲ ਵਿਆਹ, ਕੁੜੀਮਾਰ ਅਤੇ ਵੱਟਾ-ਸੱਟਾ ਪ੍ਰਥਾਵਾਂ - ਦੀ ਪਾਲਣਾ ਕਰਨ ਤੋਂ ਰੋਕਿਆ। ਇਨ੍ਹਾਂ ਦੀ ਬਜਾਇ ਲੜਕੀਆਂ ਨੂੰ ਗੁਰਮੁਖੀ ਸਿਖਾਉਣ 'ਤੇ ਜ਼ੋਰ ਦਿੱਤਾ। ਲੜਕੇ ਤੇ ਲੜਕੀ ਦੇ ਵਿਆਹ ਦੀ ਉਮਰ ਕ੍ਰਮਵਾਰ 21 ਅਤੇ 18 ਸਾਲ ਨਿਸ਼ਚਿਤ ਕੀਤੀ। ਬਿਨਾਂ ਦਾਜ ਦਹੇਜ ਦੇ ਸਮੂਹਿਕ ਵਿਆਹ ਦੀਆਂ ਰੀਤਾਂ ਸ਼ੁਰੂ ਕੀਤੀਆਂ।

ਨਾਮਧਾਰੀ ਗੁਰੂ ਨੇ ਰਵਾਇਤੀ ਪੰਚਾਇਤੀ ਸੰਸਥਾਵਾਂ ਨੂੰ ਪੁਨਰ ਸੁਰਜੀਤ ਕੀਤਾ। ਆਪਣੇ ਸ਼ਰਧਾਲੂਆਂ ਨੂੰ ਆਪਣੇ ਦੀਵਾਨੀ ਅਤੇ ਫ਼ੌਜਦਾਰੀ ਮਸਲੇ ਇਨ੍ਹਾਂ ਸੰਸਥਾਵਾਂ ਵਿਚ ਨਜਿੱਠਣ ਲਈ ਹਦਾਇਤਾਂ ਦਿੱਤੀਆਂ। ਉਦੋਂ ਕਿਰਸਾਨੀ ਜਮਾਤ ਦਾ ਸਭ ਤੋਂ ਵੱਡਾ ਸੰਕਟ ਭੂਮੀ ਲਗਾਨ ਨੂੰ ਨਕਦ ਰੂਪ ਵਿਚ ਜਮ੍ਹਾਂ ਕਰਵਾਉਣਾ ਸੀ ਜਿਸ ਲਈ ਉਨ੍ਹਾਂ ਨੂੰ ਸ਼ਾਹੂਕਾਰਾਂ ਕੋਲੋਂ ਕਰਜ਼ਾ ਲੈਣ ਲਈ ਜ਼ਮੀਨ ਗਹਿਣੇ ਰੱਖਣੀ ਪੈਂਦੀ ਸੀ। ਕਰਜ਼ਾ ਨਾ ਮੋੜਨ ਦੀ ਸੂਰਤ ਵਿਚ ਗਹਿਣੇ ਰੱਖੀ ਗਈ ਜ਼ਮੀਨ 'ਤੇ ਸ਼ਾਹੂਕਾਰਾਂ ਦੀ ਮਾਲਕੀ ਬਣ ਜਾਂਦੀ ਸੀ। ਕਿਰਸਾਨਾਂ ਕੋਲੋਂ ਜ਼ਮੀਨ ਦਾ ਖੁੱਸਣਾ (land alienation) 19ਵੀਂ ਸਦੀ ਦਾ ਗੰਭੀਰ ਸੰਕਟ ਸੀ। ਇਸ ਪ੍ਰਸੰਗ ਵਿਚ ਨਾਮਧਾਰੀ ਗੁਰੂ ਨੇ ਅਜਿਹੇ ਸਮਾਜ ਨੂੰ ਸਿਰਜਣ ਦਾ ਯਕੀਨ ਦਿਵਾਇਆ ਜਿਹੜਾ ਨਾ-ਬਰਾਬਰੀ ਅਤੇ ਸ਼ੋਸ਼ਣ ਤੋਂ ਮੁਕਤ ਹੋਵੇ। ਉਨ੍ਹਾਂ ਨੇ ਸ਼ਰਧਾਲੂਆਂ ਨੂੰ ਕਰਜ਼ਾ ਲੈਣ ਤੋਂ ਵਰਜਿਆ।

ਇਨ੍ਹਾਂ ਯਤਨਾਂ ਦੇ ਫਲਸਰੂਪ ਸੰਤ ਖ਼ਾਲਸਾ ਅੰਗਰੇਜ਼ਾਂ ਉਪਰ ਆਪਣੀ ਫ਼ਤਹਿ ਦੇ ਸੁਪਨੇ ਲੈਣ ਲੱਗ ਪਿਆ। ਪਿੰਡ ਬਰਾਸਵਾਲਾ (ਜ਼ਿਲ੍ਹਾ ਸਿਰਸਾ) ਵਿਖੇ ਕੁਝ ਕੂਕਿਆਂ ਦੀ ਪੁਲੀਸ ਨਾਲ ਫਰਵਰੀ 1869 ਵਿਚ ਝੜਪ ਹੋਈ। ਸਰਕਾਰ ਨੂੰ ਜਾਣਕਾਰੀ ਮਿਲੀ ਕਿ ਕੂਕੇ ਵਿਦਰੋਹੀ ਫ਼ੌਜੀ ਬਣਦੇ ਹਨ। 44 ਕੂਕੇ ਸਿੱਖ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ-ਵੱਟ ਕੇ ਭੈਣੀ ਸਾਹਿਬ ਆ ਟਿਕੇ। ਫਿਰ ਉਹ ਅਤੇ ਹੋਰ ਸੰਗੀ ਸਾਥੀ ਖ਼ਾਲਸਾ ਰਾਜ ਦੀ ਬਹਾਲੀ 'ਤੇ ਵਿਚਾਰ ਕਰਨ ਲੱਗੇ। ਨਾਮਧਾਰੀ ਗੁਰੂ ਨੇ ਕੁਆਂਢੀ ਰਿਆਸਤਾਂ ਨਾਲ ਰਾਜਨੀਤਕ ਸੰਪਰਕ ਬਣਾਏ। ਕੂਕਾ ਰੈਜੀਮੈਂਟਾਂ ਸਥਾਪਿਤ ਕੀਤੀਆਂ। ਫ਼ੌਜੀ ਸਿਖਲਾਈ ਦੇ ਪ੍ਰਬੰਧ ਕੀਤੇ। ਆਪਣੀ ਡਾਕ ਪ੍ਰਣਾਲੀ ਚਲਾਈ।

1871-72 ਵਿਚ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਪੁਖਤਾ ਜਾਣਕਾਰੀ ਦਿੱਤੀ ਕਿ ਪੰਜਾਬ ਵਿਚ ਬਗ਼ਾਵਤ ਫੈਲ ਸਕਦੀ ਹੈ। ਸਰਕਾਰੀ ਤੰਤਰ ਨੂੰ 1857 ਦੇ ਗ਼ਦਰ ਦਾ ਪਰਛਾਵਾਂ ਦਿਖਾਈ ਦੇਣ ਲੱਗਾ। ਸਰਕਾਰ ਨਾਮਧਾਰੀ ਗੁਰੂ ਨੂੰ ਜਲਾਵਤਨ ਕਰਨ ਦੇ ਮੌਕੇ ਦੀ ਉਡੀਕ ਵਿਚ ਸੀ।

ਨਾਮਧਾਰੀ ਸਿੱਖਾਂ ਦੀ ਗਊ-ਹੱਤਿਆ ਦੇ ਮਸਲੇ 'ਤੇ ਸਰਕਾਰ ਨਾਲ ਟੱਕਰ ਹੋ ਗਈ। ਇਹ ਟੱਕਰ ਪਹਿਲੋਂ ਅੰਮ੍ਰਿਤਸਰ ਤੇ ਫਿਰ ਰਾਏਕੋਟ (ਜ਼ਿਲ੍ਹਾ ਲੁਧਿਆਣਾ) ਵਿਖੇ ਹੋਈ। ਬੁੱਚੜਾਂ ਦੇ ਕਤਲ ਲਈ ਸਰਕਾਰ ਨੇ ਦਸ ਨਾਮਧਾਰੀਆਂ ਨੂੰ ਸੂਲੀ 'ਤੇ ਚਾੜ੍ਹ ਦਿੱਤਾ। ਸੱਤ ਨਾਮਧਾਰੀਆਂ ਨੂੰ ਕਾਲੇਪਾਣੀ ਭੇਜ ਦਿੱਤਾ। ਨਾਮਧਾਰੀਆਂ ਨੇ ਮੁਸਲਿਮ ਰਿਆਸਤ ਮਾਲੇਰਕੋਟਲੇ 'ਤੇ 1872 ਵਿਚ ਹਮਲਾ ਹਥਿਆਰ ਅਤੇ ਘੋੜੇ ਖੋਹਣ ਦੇ ਇਰਾਦੇ ਨਾਲ ਕੀਤਾ। ਦੋਵੇਂ ਧਿਰਾਂ ਦਾ ਜਾਨੀ ਨੁਕਸਾਨ ਹੋਇਆ। ਲੁਧਿਆਣਾ ਜ਼ਿਲ੍ਹੇ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਨੇ ਬਦਲੇ ਵਿਚ 65 ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ। ਇਕ ਬਾਲਕ ਨੂੰ ਵੀ ਕਤਲ ਕਰ ਦਿੱਤਾ। ਇਹ ਹੌਲਨਾਕ ਅਤੇ ਵਹਿਸ਼ਿਆਨਾ ਪ੍ਰਕਿਰਿਆ ਸੀ। ਸਰਕਾਰ ਨੇ ਨਾਮਧਾਰੀ ਗੁਰੂ ਨੂੰ ਰੰਗੂਨ (ਮਿਆਂਮਾਰ) ਜਲਾਵਤਨ ਕਰ ਦਿੱਤਾ।

ਸਰਕਾਰਪ੍ਰਸਤ ਲੋਕਾਂ ਨੂੰ ਖ਼ੁਸ਼ੀ ਹੋਈ ਕਿ ਸਰਕਾਰ ਨੇ ਦੁਸ਼ਟ ਤੇ ਗੁੰਮਰਾਹ ਸੰਪਰਦਾਇ 'ਤੇ ਕਾਬੂ ਪਾਉਣ ਲਈ ਅਤਿਅੰਤ ਸਹੀ ਅਤੇ ਸ਼ਾਨਦਾਰ ਢੰਗ ਅਪਣਾਇਆ ਜਦੋਂਕਿ ਹਿੰਦੋਸਤਾਨ ਦੇ ਅਖ਼ਬਾਰਾਂ ਨੇ ਦੱਬਵੀਂ ਸੁਰ ਵਿਚ ਅੰਗਰੇਜ਼ ਅਫ਼ਸਰਾਂ ਦੀ ਬੇਰਹਿਮੀ ਦੀ ਮਜ਼ੰਮਤ ਕੀਤੀ।

ਪੁਲੀਸ ਨੇ ਭੈਣੀ ਸਾਹਿਬ ਕੰਪਲੈਕਸ ਦੀ ਤਲਾਸ਼ੀ ਲਈ ਅਤੇ ਤਾਲਾ ਮਾਰ ਦਿੱਤਾ ਤੇ ਅਣਮਿੱਥੇ ਸਮੇਂ ਲਈ ਪੁਲੀਸ ਚੌਕੀ ਬਿਠਾ ਦਿੱਤੀ। ਪੁਲੀਸ ਅਤੇ ਸਰਕਾਰਪ੍ਰਸਤਾਂ ਨੇ ਨਾਮਧਾਰੀ ਸਿੱਖਾਂ ਨੂੰ ਜ਼ਲੀਲ ਕਰਨ ਦੀ ਕੋਈ ਕਸਰ ਨਾ ਛੱਡੀ। ਨਾਮਧਾਰੀ ਗੁਰੂ ਰਾਮ ਸਿੰਘ ਦੇ ਛੋਟੇ ਭਰਾ ਬਾਬਾ ਹਰੀ ਸਿੰਘ, ਭੈਣੀ ਸਾਹਿਬ ਦੇ 'ਸਿਰਕਰਤਾ' ਬਣੇ। ਨਾਮਧਾਰੀ ਸਿੱਖਾਂ ਦੇ ਪ੍ਰੇਰਨਾ ਸ੍ਰੋਤ ਉਨ੍ਹਾਂ ਦੇ ਗੁਰੂ ਸਨ। ਉਹ ਸਿਦਕ ਨਹੀਂ ਹਾਰੇ। 1885 ਵਿਚ ਮਹਾਰਾਜਾ ਦਲੀਪ ਸਿੰਘ ਦੇ ਪੰਜਾਬ ਆਉਣ ਦੀ ਖ਼ਬਰ ਨੇ ਖ਼ਾਲਸਾ ਰਾਜ ਦੇ ਹਮਾਇਤੀਆਂ ਵਿਚ ਆਜ਼ਾਦੀ ਦੀ ਚਿਣਗ ਮਘਾਈ। ਨਾਮਧਾਰੀਆਂ ਨੂੰ ਆਸ ਬੱਝੀ ਕਿ ਪੰਜਾਬ ਅੰਗਰੇਜ਼ਾਂ ਵਿਰੁੱਧ ਉੱਠੇਗਾ, ਪਰ ਸਰਕਾਰੀ ਤੰਤਰ ਅਤੇ ਰਾਜ ਦੇ ਝੋਲੀਚੁੱਕਾਂ ਨੇ ਆਜ਼ਾਦੀ ਦੀ ਚਿਣਗ ਨੂੰ ਬੁਝਾ ਦਿੱਤਾ।

* ਇੰਚਾਰਜ, ਸਿੱਖ ਖੋਜ ਕੇਂਦਰ ਖ਼ਾਲਸਾ ਕਾਲਜ, ਅੰਮ੍ਰਿਤਸਰ।

ਸੰਪਰਕ: 98151-46100

> ਨਾਮਧਾਰੀ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਆਪਣੇ ਸ਼ਰਧਾਲੂਆਂ ਨੂੰ 'ਨਾਮ' ਦਿੰਦੇ ਸਨ, ਇਸ ਲਈ ਇਨ੍ਹਾਂ ਨੂੰ ਨਾਮਧਾਰੀ ਕਿਹਾ ਜਾਂਦਾ ਹੈ। ਨਾਮ ਜਪਦੇ ਜਪਦੇ ਉਹ ਮਸਤੀ ਵਿਚ ਕੂਕਾਂ ਮਾਰਨ ਲੱਗ ਪੈਂਦੇ ਜਿਸ ਕਾਰਨ ਲੋਕ ਉਨ੍ਹਾਂ ਨੂੰ ਕੂਕੇ ਕਹਿਣ ਲੱਗ ਪਏ।



ਬਰਮਾ (ਮਿਆਂਮਾਰ) ਵਿਚ ਕੈਦ ਦੇ ਹੁਕਮ।

> ਬਾਬਾ ਰਾਮ ਸਿੰਘ ਨਾ-ਮਿਲਵਰਤਣ ਅਤੇ ਸਵਦੇਸ਼ੀ (ਦੇਸੀ ਵਸਤਾਂ ਨੂੰ ਵਰਤਣਾ) ਨੂੰ ਸਿਆਸੀ ਹਥਿਆਰ ਬਣਾਉਣ ਵਾਲੇ ਪਹਿਲੇ ਵਿਅਕਤੀ ਸਨ। ਬਾਬਾ ਰਾਮ ਸਿੰਘ ਨੇ 1860 ਵਿਚ ਅੰਗਰੇਜ਼ੀ ਵਸਤਾਂ, ਸਰਕਾਰੀ ਸਕੂਲਾਂ, ਕਾਨੂੰਨੀ ਅਦਾਲਤਾਂ ਅਤੇ ਡਾਕ ਸੇਵਾਵਾਂ ਦੇ ਬਾਈਕਾਟ ਅਤੇ ਹੱਥ ਨਾਲ ਬੁਣੇ ਕੱਪੜੇ (ਖੱਦਰ) ਪਾਉਣ ਦੀ ਪ੍ਰੇਰਨਾ ਦਿੱਤੀ ਜਿਸਨੂੰ ਮਹਾਤਮਾ ਗਾਂਧੀ ਨੇ 60 ਸਾਲਾਂ ਬਾਅਦ ਅਪਣਾਇਆ।
>
> - ਇਤਿਹਾਸਕਾਰ ਖੁਸ਼ਵੰਤ ਸਿੰਘ

ਕੂਕਾ ਲਹਿਰ

ਚੰਦਾ ਸਿੰਘ

ਲਿਖੇ ਹੁਕਮਨਾਮੇ ਜਦ ਗਏ,
ਸਿੱਖਾਂ ਧਰ ਸੀਸ ਤੇ ਲਏ,
ਮਨ ਵਿਚ ਚਾਉ ਬਹੁਤ ਚੜ੍ਹ ਗਏ,
ਘਰ ਵਿਚ ਕਰਨ ਸਲਾਹੀ ਬਹੇ,
ਕੇਹੜਾ ਚਲੀਏ ਕੇਹੜਾ ਰਹੇ
ਏਹ ਮਤੇ ਪਕਾਂਵਦੇ।

ਸਿੰਘ ਹੋਏ ਸਭ ਤਿਆਰ,
ਮਾਲਵਾ ਮਾਝਾ ਦੁਆਬ ਤੇ ਬਾਰ,
ਆਏ ਜਮਨਾ ਦੇ ਸਰਦਾਰ,
ਅਗੋਂ ਜੋ ਭਾਵੇ ਕਰਤਾਰ,
ਮਾਈਆਂ ਬੀਬੀਆਂ ਹੋਰ ਹਜ਼ਾਰ,
ਜਿਨਾਂ ਲਾਹ ਕੇ ਸੁਟੇ ਹਾਰ ਸ਼ਿੰਗਾਰ
ਗੁਰਾਂ ਦੇ ਸਾਹਮਣੇ।

ਚੰਦਾ ਸਿੰਘਾ ਸਿੰਘ ਸਭ ਆਏ,
ਸਤਿਗੁਰਾਂ ਲੰਗਰ ਲਾਂਗਰੀ ਲਾਏ,
ਬੋਰੀਆਂ ਲੋਹਾਂ ਧਰੇ ਕੜਾਹੇ,
ਕਰ ਪਰਸਾਦ ਤੇ ਭੋਗ ਪਵਾਏ
ਸਿੱਖਾਂ ਬਸਤਰ ਹੋਮ ਕਰਾਏ,
ਚੜ੍ਹ ਮਲੇਰ ਕੋਟਲੇ ਧਾਏ
ਮਰਦੇ ਮਾਰਕੇ।10

ਮਾਘ

ਸੀਸ ਧਰਮ ਤੇ ਦੇਣ ਨੂੰ ਸਿੰਘ ਚਲੇ ਹੋਣ ਸ਼ਹੀਦ।
ਸਤਿਗੁਰ ਪ੍ਰਦੇਸ ਸਿਧਾਏਗੇ ਮਾਨੋ ਬਿਸਰੇ ਈਦ।

ਚੜ੍ਹਦੇ ਮਾਘ ਖੁਸ਼ੀ ਬਸੰਤ
ਸਤਿਗੁਰ ਸੱਦੇ ਸਭ ਮਹੰਤ
ਜਿਹੜੇ ਨਗਰਾਂ ਵਿਚ ਬਣਾਏ
ਉਹ ਭੀ ਸਭ ਦਰਸ਼ਨ ਨੂੰ ਆਏ
ਲੈ ਪਰਕਰਮਾ ਸੀਸ ਨਿਵਾਏ
ਸਤਿਗੁਰ ਆਦਰ ਦੇ ਬਿਠਾਏ
ਜਾਂ ਸਿੰਘ ਬੈਠੇ ਵਿਚ ਦੀਵਾਨ
ਹਿਰਦੇ ਗੁਰ ਕਾ ਜਾਪ ਕਮਾਣ
ਦਰਸ਼ਨ ਕਰਦੇ ਲਾਇ ਧਿਆਨ
ਸਤਿਗੁਰ ਬਚਨ ਬਿਲਾਸ ਸੁਨਾਣ
ਸਿੰਘ ਹੋ ਮਸਤਾਨੇ ਜਾਣ
ਉਠ ਉਠ ਚਰਨੀ ਸੀਸ ਨਿਵਾਣ
ਗੋਬਿੰਦ ਸਿੰਘ ਜਾਣਕੇ।

ਚੰਦਾ ਸਿੰਘ ਗੁਰ ਰਚਿਆ ਭਾਣਾ
ਸਿੰਘ ਕਰਦੇ ਜੋਰ ਪਿਛਾਣਾ
ਕਹਿੰਦੇ ਮਲੇਰ ਕੋਟਲੇ ਧਾਣਾ
ਜੱਥੇ ਗਿਆਨ ਸਿੰਘ ਦੀ ਜਾਣਾ
ਬਦਲਾ ਲੈਣਾ ਪਾਸ ਪਠਾਣਾਂ
ਇਹ ਮਨ ਵਿਚਾਰਦੇ।। 11

ਫੱਗਣ

ਸਿੰਘ ਸ਼ਹੀਦੀ ਪਾ ਗਏ ਸਤਿਗੁਰ ਚਲੇ ਪਰਦੇਸ।
ਸੰਗਤ ਮੁੜ ਘਰ ਤੋਰੀਆਂ ਆਪੋ ਆਪਣੇ ਦੇਸ।

ਮਹੀਨੇ ਫੱਗਣ ਕੀਆ ਪਰਵਾਸ
ਸਤਿਗੁਰ ਕੀਤਾ ਚਿਤ ਉਦਾਸ
ਜਿਵੇਂ ਰਾਮ ਚਲੇ ਬਨਵਾਸ
ਸੀਤਾ ਲਛਮਣ ਲੈ ਗਏ ਸਾਥ
ਏਥੇ ਨਾਨੂੰ ਸਿੰਘ ਲੈ ਗਏ
ਪਿਛੇ ਵਾਂਗ ਭਰਥ ਭਾਈ ਰਹੇ
ਦੁਖ ਸੁਖ ਜਿਸਤੇ ਸੰਗਤ ਰਹੇ,
ਮੈਂ ਬਲਿਹਾਰੀਆਂ।

ਬੈਠੇ ਖੇਡ ਖਾਂਵਦੇ ਗੋਰੇ
ਪੈ ਗਏ ਲੰਦਨ ਦੇ ਵਿਚ ਸ਼ੋਰੇ
ਸੁਣੀ ਫੜ ਦੇਸਾਂ ਮੇਂ ਤੋਰੇ
ਜਿਥੇ ਗੁਰ ਦੇ ਸੂਬੇ ਗਏ
ਓਥੇ ਭਜਨ ਸਭੇ ਰੋਣੀ ਲਏ
ਗੁਰ ਦਾ ਕਹਿਣਾ ਕਿਓਂ ਕਰ ਲਏ
ਸਭ ਦੇਸ ਉਧਾਰਨੇ।

ਸਤਿਗੁਰ ਬਾਝੋਂ ਚੈਨ ਨ ਕੋਈ
ਸੰਗਤ ਸਭ ਉਦਾਸੀ ਹੋਈ
ਰਾਤੀ ਨੈਣੀ ਨੀਂਦ ਨ ਆਵੇ
ਤਾਰੇ ਗਿਣਦਿਆਂ ਰੈਣ ਵਿਹਾਵੇ
ਸਾਨੂੰ ਪਾਣੀ ਅੰਨ ਨਾ ਭਾਵੇ
ਦਿਨ ਦਿਨ ਗਮ ਗੁਰਾਂ ਦਾ ਖਾਵੇ
ਐਸਾ ਕੌਣ ਜੋ ਆਣ ਮਿਲਾਵੇ
ਮੈਂ ਕਰਾਂ ਸਿਰਵਾਰਨੇ।

ਚੰਦਾ ਸਿੰਘ ਗੁਰ ਗਏ ਪ੍ਰਦੇਸ
ਮਾਨੋ ਬ੍ਰਹਮ ਰਾਜ ਦੇ ਦੇਸ
ਅਗੋਂ ਸਰਕਾਰ ਸਰਨੀ ਆਇਆ
ਉਸ ਜੋੜੇ ਹਥ ਤੇ ਸੀਸ ਨਿਵਾਇਆ
ਧੰਨ ਭਾਗ ਮੈਂ ਦਰਸ਼ਨ ਪਾਇਆ

ਜਿਹੜੇ ਦੇਸ ਸਤਿਗੁਰ ਗਏ
ਜਾਗ ਭਾਗ ਦੇਸ ਦੇ ਪਏ
ਸਾਧੂ ਜਸ ਗੁਰਾਂ ਦਾ ਕਹੇ
ਸੰਗਤ ਬਖਸ਼ ਭੁਲ ਚੁਕ ਲਏ
ਉਧਰੇ ਲੋਕ ਬੈਕੁੰਠ ਗਏ
ਜਿਸ ਦਰਸ਼ਨ ਪਾਇਆ।

ਸਤਿਗੁਰ ਜਾ ਬੈਠੇ ਪਰਦੇਸ
ਸੰਗਤ ਰਹਿੰਦੀ ਮੈਲੇ ਵੇਸ
ਮਨ ਵਿਚ ਚਿੰਤਾ ਕਰਨ ਹਮੇਸ਼
ਸਤਿਗੁਰ ਆਵੇ ਆਪਣੇ ਦੇਸ
ਕਿਸੇ ਵਾਰ ਕਰੇ ਪਰਵੇਸ਼
ਅੰਦਰ ਭਾਂਵਦੇ।

ਜਿਹੜੇ ਸਿੰਘ ਗੁਰਾਂ ਦੇ ਪਿਆਰੇ
ਲੰਘ ਕੇ ਗਏ ਸਮੁੰਦਰ ਖਾਰੇ
ਸਤਿਗੁਰ ਬੈਠੇ ਵਿਚ ਚਉਬਾਰੇ
ਫੇਰਨ ਮਾਲਾ ਤਪ ਨੂੰ ਧਾਰੇ
ਜਪਦੇ ਨਾਮ ਨੂੰ।

ਸਤਿਗੁਰ ਬਹੁਤੇ ਬਰਸ ਗੁਜਾਰੇ
ਸਾਨੂੰ ਦੇ ਕੇ ਘਲਦੇ ਲਾਰੇ
* * *

ਨਾਮਧਾਰੀ ਚਿੰਤਨ ਦੇ ਕੁਝ ਹੋਰ ਪੱਖ

ਜਦ ਗੁਰ ਪੰਜਾਬੇ ਆਵੇ,
ਪਵੇ ਕਾਲ ਮੁਲਖ ਰੁਲ ਜਾਵੇ,
ਦੁਨੀਆਂ ਮਰੇ ਅੰਨ ਕੇ ਹਾਵੇ,
ਠਗ ਚੋਰ ਬਹੁ ਲੁਟ ਲੁਟ ਖਾਵੇ,
ਬਚੇ ਸੋ ਜੋ ਗੁਰ ਸਰਨੀ ਆਵੇ,
ਇਕ ਮਨ ਹੋਇ ਕੇ ਨਾਮ ਧਿਆਵੇ,
ਉਸ ਅਕਾਲ ਦਾ।

ਸਤਿਗੁਰ ਫੇਰ ਪੰਜਾਬੇ ਆਵਣ,
ਅਗਲੀਆਂ ਸਫ਼ਾਂ ਸਭਿ ਉਠਾਵਣ,
ਨਵੇਂ ਹੋਰ ਨਿਸ਼ਾਨ ਝੁਲਾਵਣ,
ਜਗ ਵਿਚ ਸ੍ਰੀ ਅਕਾਲ ਜਪਾਵਣ,
ਅਸੁਰ ਸੰਘਾਰ ਕੇ।

ਅੰਗਰੇਜ਼ਾਂ ਦੀ ਈਨ ਨਾ ਮੰਨਦੇ...

ਡਾ. ਲਖਵੀਰ ਸਿੰਘ ਨਾਮਧਾਰੀ

ਬਸਤੀਵਾਦੀ ਅੰਗਰੇਜ਼ ਬਾਬਾ ਰਾਮ ਸਿੰਘ ਦੀ ਵਧਦੀ ਹਰਮਨ ਪਿਆਰਤਾ ਵੇਖ ਕੇ ਫ਼ਿਕਰਮੰਦ ਸਨ। ਉਨ੍ਹਾਂ ਦਿਨਾਂ ਵਿਚ ਪੰਡਿਤਾਂ ਵੱਲੋਂ ਅਨੰਦ ਕਾਰਜ ਦੀ ਰੀਤ ਦਾ ਵਿਰੋਧ ਕਰਨ ਕਰਕੇ ਗੱਲ ਸਰਕਾਰੇ ਦਰਬਾਰੇ ਪਹੁੰਚ ਗਈ। ਅੰਗਰੇਜ਼ ਸਰਕਾਰ ਨੇ ਬਾਬਾ ਰਾਮ ਸਿੰਘ ਦੇ ਭੈਣੀ ਸਾਹਿਬ ਤੋਂ ਬਾਹਰ ਜਾਣ ਅਤੇ ਪ੍ਰਚਾਰ ਕਰਨ 'ਤੇ ਪਾਬੰਦੀ ਲਗਾ ਦਿੱਤੀ। ਬਾਬਾ ਜੀ ਨੇ ਅਜਿਹੇ ਹਾਲਾਤ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਮਹਾਂ ਪੰਜਾਬ ਨੂੰ 22 ਹਿੱਸਿਆਂ ਵਿਚ ਵੰਡ ਕੇ 22 ਸੂਬੇ ਵੱਖ-ਵੱਖ ਇਲਾਕਿਆਂ ਵਿਚ ਨਿਯੁਕਤ ਕਰ ਦਿੱਤੇ ਜੋ ਗੁਰਮਤਿ ਅਤੇ ਕੂਕਾ ਅੰਦੋਲਨ ਦਾ ਪ੍ਰਚਾਰ ਕਰਦੇ। ਅੰਗਰੇਜ਼ ਬਸਤੀਵਾਦੀਆਂ ਦਾ ਪਤਨ ਕਰ ਕੇ ਸਵੈਰਾਜ ਮੁੜ ਸਥਾਪਤ ਕਰਨ ਲਈ ਬਾਬਾ ਰਾਮ ਸਿੰਘ ਦੀ ਇਹ ਲਹਿਰ ਜਵਾਹਰਾਤਾਂ ਦਾ ਰੂਪ ਧਾਰਨ ਕਰ ਗਈ। ਲੱਖਾਂ ਲੋਕ ਨਾਮਧਾਰੀ ਸਜ ਗਏ। ਲੋਕਾਂ ਦੇ ਮੂੰਹਾਂ 'ਤੇ ਇਹ ਬੋਲੀਆਂ ਚੜ੍ਹ ਗਈਆਂ ਜੋ ਅੱਜ ਵੀ ਸਾਡੇ ਸੱਭਿਆਚਾਰ ਦਾ ਹਿੱਸਾ ਹਨ:

ਕੂਕਿਆਂ ਦਾ ਪੰਥ ਨਿਰਾਲਾ,
ਹੱਥਾਂ ਵਿਚ ਗੜਵੇ ਰੱਖਦੇ,
ਗਲ ਵਿਚ ਉੱਨ ਦੀ ਮਾਲਾ,
ਅੰਗਰੇਜ਼ਾਂ ਦੀ ਈਨ ਨਾ ਮੰਨਦੇ,
ਮੰਗਿਆ ਦੇਣ ਨਾ ਹਾਲਾ,
ਰਾਜ ਅੰਗਰੇਜ਼ਾਂ ਦਾ
ਚੰਦ ਰੋਜ਼ ਦਾ ਚਾਲਾ...।

ਬਾਬਾ ਰਾਮ ਸਿੰਘ ਨੇ ਅੰਗਰੇਜ਼ ਸਾਮਰਾਜ ਵਿਰੁੱਧ ਹਥਿਆਰਬੰਦ ਲੜਾਈ ਦੀ ਥਾਂ ਨਾ-ਮਿਲਵਰਤਣ ਅਤੇ ਸਵਦੇਸ਼ੀ ਦਾ ਹਥਿਆਰ ਵਰਤਿਆ। ਉਨ੍ਹਾਂ ਨੇ ਦੇਸ਼ ਦੇ ਕੋਨੇ-ਕੋਨੇ ਤੱਕ ਇਹ ਆਵਾਜ਼ ਪਹੁੰਚਾ ਦਿੱਤੀ ਕਿ ਹਿੰਦੋਸਤਾਨੀਓ ਅੰਗਰੇਜ਼ ਦਾ ਪੂਰਨ ਬਾਈਕਾਟ ਕਰ ਦਿਉ। ਲੋਕਾਂ ਨੇ ਅੰਗਰੇਜ਼ੀ ਸਕੂਲਾਂ, ਅਦਾਲਤਾਂ, ਅੰਗਰੇਜ਼ ਦੀਆਂ ਮਿੱਲਾਂ 'ਚ ਬਣੇ ਮਾਲ ਦਾ ਬਾਈਕਾਟ ਕਰ ਦਿੱਤਾ ਅਤੇ ਰੇਲ ਗੱਡੀਆਂ ਦਾ ਸਫ਼ਰ ਬੰਦ ਕਰ ਦਿੱਤਾ। ਗੁਰੂ ਰਾਮ ਸਿੰਘ ਨੇ ਕਸ਼ਮੀਰ ਵਿਚ ਹੀਰਾ ਸਿੰਘ ਸਧੌਰਾ ਦੀ ਕਮਾਨ ਹੇਠ 'ਕੂਕਾ ਪਲਟਨ' ਦੀ ਫ਼ੌਜੀ ਟੁਕੜੀ ਦੀ ਸਥਾਪਨਾ ਕੀਤੀ। ਭਾਈ ਕਾਹਨ ਸਿੰਘ ਨਿਹੰਗ ਅਤੇ ਸੂਬਾ ਬਿਸ਼ਨ ਸਿੰਘ ਨੂੰ ਦੇਸੀ ਰਿਆਸਤਾਂ ਦੇ ਰਾਜਿਆਂ ਅਤੇ ਸਰਹੱਦੀ ਰਾਜਾਂ ਨਾਲ ਰਾਬਤਾ ਕਾਇਮ ਕਰਨ ਲਈ ਰਾਜਦੂਤ ਨਿਯੁਕਤ ਕਰ ਦਿੱਤਾ। ਉਨ੍ਹਾਂ ਨੇ ਰੂਸ, ਕਸ਼ਮੀਰ, ਹੈਦਰਾਬਾਦ, ਲਖਨਊ, ਨੇਪਾਲ ਦੇ ਰਾਜਿਆਂ ਨਾਲ ਆਜ਼ਾਦੀ ਸਬੰਧੀ ਵਿਚਾਰ ਚਰਚਾ ਸ਼ੁਰੂ ਕਰ ਦਿੱਤੀ। ਸਿੰਘਾਂ ਨੇ ਦੀਵਾਨਾਂ ਵਿਚ ਤਕਰੀਰਾਂ ਕਰਦਿਆਂ ਇਹ ਸ਼ਬਦ ਪੜ੍ਹਨੇ ਸ਼ੁਰੂ ਕਰ ਦਿੱਤੇ:


"ਇੱਥੋਂ ਚੁੱਕ ਲੈ ਫਰੰਗੀਆ ਡੇਰਾ, ਖ਼ਾਲਸੇ ਨੇ ਰਾਜ ਕਰਨਾ।"

ਅੰਗਰੇਜ਼ ਇਸ ਧਾਰਮਿਕ ਲਹਿਰ ਦੇ ਰਾਜਨੀਤਕ ਮਨਸੂਬੇ ਦੇਖ ਕੇ ਡਰ ਗਿਆ। ਅੰਗਰੇਜ਼ ਅਫ਼ਸਰ ਐਡਵਰਡ ਬੈਲੀ ਆਪਣੀ ਰਿਪੋਰਟ ਵਿਚ ਲਿਖਦਾ ਹੈ: "ਰਾਮ ਸਿੰਘ ਬਹੁਤ ਖ਼ਤਰਨਾਕ ਵਿਅਕਤੀ ਹੈ, ਸ਼ਾਇਦ ਹੁਣ ਹਿੰਦੋਸਤਾਨ ਵਿਚ ਸਭ ਤੋਂ ਵੱਧ ਖ਼ਤਰਨਾਕ।"

ਬਾਬਾ ਰਾਮ ਸਿੰਘ ਦੀਆਂ ਹਸਤ ਲਿਖਤਾਂ ਰਾਹੀਂ ਵੀ ਕੂਕਾ ਅੰਦੋਲਨ ਪੰਜਾਬ ਅਤੇ ਹਿੰਦੋਸਤਾਨ ਤੋਂ ਬਾਹਰ ਅੰਤਰਰਾਸ਼ਟਰੀ ਪੱਧਰ ਤੱਕ ਫੈਲਿਆ। ਉਨ੍ਹਾਂ ਦੀਆਂ ਇਨ੍ਹਾਂ ਲਿਖਤਾਂ ਦੀ ਬਹੁਤ ਵੱਡੀ ਇਤਿਹਾਸਕ ਮਹੱਤਤਾ ਹੈ। ਇਨ੍ਹਾਂ ਲਿਖਤਾਂ ਦੀ ਗਿਣਤੀ 64 ਹੈ। ਇਸ ਬਾਰੇ ਬੰਗਾਲ ਦੇ ਇਤਿਹਾਸਕਾਰ ਡਾ. ਪੀ.ਸੀ. ਰਾਏ ਇੰਝ ਲਿਖਦੇ ਹਨ:

"ਆਜ਼ਾਦੀ ਦੇ ਇਤਿਹਾਸ ਵਿਚ ਗੁਰੂ ਰਾਮ ਸਿੰਘ, ਮੋਲਮੀਨ ਜੇਹਲ ਦੇ ਕਾਂਸਟੇਬਲ ਹਰਨਾਮ ਸਿੰਘ, ਭੈਣੀ ਸਾਹਿਬ ਦੇ ਗੁਰੂ ਬੁੱਧ ਸਿੰਘ, ਸਿਹਾਲੀ ਦੇ ਮੀਹਾਂ ਸਿੰਘ, ਸੰਤ ਸਿੰਘ, ਮਛੂਆ ਬਾਜ਼ਾਰ ਸਟਰੀਟ ਦੇ ਫ਼ਤਹਿਧਾਰੀ ਸਿੰਘ, ਰੂਸੀ ਹਾਕਮ ਕਾਰਬਕ ਮਿਆਨ, ਕਰੋੜ ਕੋਵ ਤੇ ਈਵਾਨੋਵ ਸਭਨਾਂ ਨੇ ਰਲ ਕੇ ਇੱਕ ਹੈਰਾਨ ਕਰਨ ਵਾਲੇ ਅਧਿਆਏ ਦੀ ਰਚਨਾ ਕੀਤੀ ਹੈ।"

ਸੰਪਰਕ: 98768-50680



ਬਾਬਾ ਰਾਮ ਸਿੰਘ ਵੱਲੋਂ ਰੂਸ ਨੂੰ ਲਿਖੀ ਚਿੱਠੀ ਦੀ ਨਕਲ। ਫ਼ੋਟੋ: ਲੇਖਕ

We are hiring Teachers

SATGURU PARTAP SINGH ACADEMY
SRI BHAINI SAHIB

Attractive salary
&
Immediate Joining



- **HOSTEL WARDEN**
- **PGT P. EDUCATION**
- **SPORTS COACH**
- **TGT HINDI**
- **PGT PHYSICS**

Send your CV
email : careers@spsa.ac.in
+916283639008

SPS ACADEMY SRI BHAINI SAHIB

LUDHIANA - CHANDIGARH ROAD,
LUDHIANA . +919876382032

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ ॥



ਪ੍ਰਕਾਸ਼ ਪੁਰਬ

ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।



ਪ੍ਰਕਾਸ਼ ਪੁਰਬ

ਸ੍ਰੀ ਸਤਿਗੁਰੂ ਹਰਕਿਸ਼੍ਰਨ ਜੀ

ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

SRI SATGURU UDAY SINGH JI'S

THAILAND DAURA

30TH MAY – 8TH JUNE 2022



30th May 5:45 AM: Sri Satguru ji's arrival at Suvarnabhumi Airport by TG

8th June Evening : Sri Satguru ji's departure to India by TG

30th May
18:00 – 20:00 : Naam Simran & Kirtan @ Asoke Gurdwara, Mela by sangat on the occasion of Satguru ji giving darshan to the Thailand Sangat

31st May
04:00 - 06:00 : Asa di Vaar @ Dere Pakamas
18:00 – 20:00 : Naam Simran & Kirtan @ Asoke Gurdwara, Mela by S. Uttam Singh Chawla Ji's family

1st June
04:00 - 06:00 : Asa di Vaar & Anand Karaj @ Asoke Gurdwara
18:00 – 20:00 : Naam Simran & Kirtan @ Asoke Gurdwara, Mela by S. Narian Singh Narula Ji's family

2nd June
04:00 - 06:00 : Asa di Vaar @ Dere Pakamas
18:00 – 20:00 : Naam Simran & Kirtan @ Chiang Mai Gurdwara

3rd June
04:00 - 06:00 : Asa di Vaar @ Bibi Darshan Kaur's residence, Chiang Mai
18:00 – 20:00 : Naam Simran & Kirtan @ Asoke Gurdwara, Mela by S. Sukhjinder Singh Ahuja's family

4th June
04:00 - 06:00 : Asa di Vaar @ S. Gurdeep Singh Chawla Ji's residence
18:00 – 20:00 : Naam Simran & Kirtan @ Asoke Gurdwara, Mela by S. Prem Singh Kalra Ji's family

5th June
04:00 - 06:00 : Asa di Vaar @ S. Amorn Singh Pandit Ji's residence
18:00 – 20:00 : Naam Simran & Kirtan @ Asoke Gurdwara, Mela by S. Suramrit S., S. Gurdeep S., S. Dharam S., S. Sukhdev S., S. Gurdit S. Chawla Ji's family


6th June
04:00 - 06:00 : Asa di Vaar @ Dere Pakamas
18:00 – 20:00 : Naam Simran & Kirtan @ Asoke Gurdwara, Mela by S. Gian Singh Gorowara Ji's family

7th June
04:00 - 06:00 : Asa di Vaar @ Dere Pakamas
18:00 – 20:00 : Naam Simran & Kirtan @ Asoke Gurdwara, Mela by S. Avtar Singh Gorowara Ji's family

8th June
04:00 - 06:00 : Asa di Vaar @ Asoke Gurdwara


ਨਿਸ਼ਕਾਮ ਸੇਵਾ ਦੇ ਪ੍ਰਤੀਕ
ਭਗਤ ਪੂਰਨ ਸਿੰਘ ਜੀ
ਦੀ ਬਰਸੀ 'ਤੇ ਉਹਨਾਂ ਦੀ ਸੇਵਾ ਭਾਵਨਾ ਨੂੰ ਨਮਨ

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥



ਸ੍ਰੀ ਸਤਿਗੁਰੂ ਉਦੇ ਸਿੰਘ ਜੀ
ਦੇ
ਪ੍ਰਕਾਸ਼ ਦਿਹਾੜੇ ਦੀਆਂ ਸਭ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ ਹੋਣ

ਵੱਲੋਂ:ਸਮੂਹ ਸੇਵਾਦਾਰ

ਵਿਸ਼ਵ ਨਾਮਧਾਰੀ ਵਿਦਿਅਕ ਜਥਾ

ਵਿਸ਼ਵ ਨਾਮਧਾਰੀ ਵਿਦਿਅਕ ਜਥਾ ਇਸਤਰੀ ਵਿਦਿਅਕ ਜਥਾ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

Satguru Partap Singh International School

Affiliated to C.B.S.E. (Affiliation No. 531310)

The Jewels In the Crown of SPS



U-19 Hockey Team

2nd Position in State Level at SPS Outdoor Stadium, Sri Jiwan Nagar

ਜਰੂਰਤ ਹੈ

ਸ੍ਰੀ ਭੈਣੀ ਸਾਹਿਬ
Sri Bhaini Sahib

ਜਰੂਰਤ ਹੈ

ਲਾਇਬ੍ਰੇਰੀ, ਸ੍ਰੀ ਭੈਣੀ ਸਾਹਿਬ ਵਿਖੇ ਯੋਗ ਲਾਇਬ੍ਰੇਰੀਅਨ ਦੀ ਜਰੂਰਤ ਹੈ ਜੀ।

ਉਮੀਦਵਾਰ ਨੂੰ ਲਾਇਬ੍ਰੇਰੀਅਨ ਹੋਣ ਦੇ ਨਾਲ ਕੰਪਿਊਟਰ ਦੀ ਚੰਗੀ ਜਾਣਕਾਰੀ ਹੋਵੇ ਅਤੇ ਕਿਤਾਬਾਂ ਦੀ ਡਿਜੀਟਾਈਜ਼ੇਸ਼ਨ ਕਰਨੀ ਆਉਂਦੀ ਹੋਵੇ। ਅੰਗਰੇਜੀ ਭਾਸ਼ਾ ਦਾ ਗਿਆਨ ਰੱਖਦਾ ਹੋਵੇ ਅਤੇ ਪੱਤਰ ਵਿਹਾਰ ਕਰ ਸਕਦਾ ਹੋਵੇ।

ਨਾਮਧਾਰੀ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ।

ਯੋਗ ਉਮੀਦਵਾਰ ਹੇਠਲੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ:

8427465996 - ਸੇਵਕ ਹਰਪਾਲ ਸਿੰਘ ਜੀ

9815377811 - ਸੁਖਵਿੰਦਰ ਸਿੰਘ ਨਾਮਧਾਰੀ ਜੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸੰਪੂਰਨ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਜੀ ਦੀ

ਸ਼ੁੱਧ ਅਤੇ ਸਪਸ਼ਟ

ਰਿਕਾਰਡਿਗਾਂ ਸੁਣਨ ਲਈ ਅੱਜ ਹੀ ਅਪਣੇ ਮੋਬਾਇਲ ਵਿਚ





Download/Refresh ਕਰੋ "RaagNaad"

Google play store ਤੋਂ ਜਾਂ App store

ਸੰਪਰਕ – 9356697445, 9463010382

Email - vnvj@sribhainisahib.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Complete recitation of

Sri Aad Guru Granth Sahib

is now available on

"RaagNaad"

Kindly download this app from

Google play store or App store

Contact – 9356697445, 9463010382

Email - vnvj@sribhainisahib.com





ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਗੁਰਬਾਣੀ ਸੰਥਿਆ ਦੇ ਕੈਂਪ

ਸਮੂਹ ਇਲਾਕਿਆਂ ਦੇ ਸੂਬਾ ਸਾਹਿਬਾਨ,ਪ੍ਰਬੰਧਕ ਸੱਜਣਾ, ਵਿਦਿਅਕ ਜਥਿਆਂ ਤੇ ਇਸਤਰੀ ਵਿਦਿਅਕ ਜਥਿਆਂ ਦੇ ਸੇਵਾਦਾਰਾਂ ਨੂੰ

ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਇਲਾਕਿਆਂ ਵਿੱਚ ਵਿਸ਼ੇਸ਼ ਕੈਂਪ ਲਗਾਕੇ ਬੱਚੇ ਅਤੇ ਬੱਚੀਆਂ ਨੂੰ ਗੁਰਬਾਣੀ ਦੀ ਸੰਥਿਆ ਦੇਣੀ ਜਲਦੀ ਤੋਂ ਜਲਦੀ ਆਰੰਭ ਕਰੋ ਜੀ। ਜਿਨ੍ਹਾਂ ਇਲਾਕਿਆਂ ਵਿੱਚ ਇਹ ਆਯੋਜਨ ਕੀਤਾ ਜਾ ਰਿਹਾ ਹੈ ਉਹ ਸਾਨੂੰ ਰਿਪੋਰਟ ਕਰਨ ਅਤੇ ਜਿਨਾਂ ਇਲਾਕਿਆਂ ਵਿੱਚ ਸੰਥਿਆ ਦੇਣ ਵਾਲਾ ਕੋਈ ਨਹੀ ਹੈ ਉਹ ਸਾਨੂੰ ਸੰਪਰਕ ਕਰਨ ਤਾਂਕਿ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਸੀਂ ਇਸਦਾ ਪ੍ਰਬੰਧ ਕਰ ਸਕੀਏ ।

ਨੋਟ: ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੀ ਰਜ਼ਾ ਅਨੁਸਾਰ ਤੁਹਾਡੇ ਕੈਂਪ ਦੌਰਾਨ ਦਰਸ਼ਨ ਦੇਣ ਦੀ ਕਿਰਪਾ ਕਰ ਸਕਦੇ ਹਨ।

ਸੰਪਰਕ ਨੰਬਰ- ਸੁਖਵਿੰਦਰ ਸਿੰਘ - 9815377811,

ਹਰਕੀਰਤ ਸਿੰਘ - 94630-10382

ਪਰਮ ਸਤਿਕਾਰਯੋਗ ਸਾਧ ਸੰਗਤ ਜੀ,

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ, ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ ਵੱਲੋਂ ਆਗਾਮੀ ਵਿਦਿਅਕ ਸੰਮੇਲਨ 2019 ਦੌਰਾਨ "ਨਾਮਧਾਰੀ ਦਰਪਣ" ਨਾਮਕ ਰਸਾਲੇ ਦਾ ਵਿਮੋਚਨ ਕੀਤਾ ਜਾ ਰਿਹਾ ਹੈ।

ਲਿਖਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ, ਉਹ ਆਪਣੀਆਂ ਰਚਨਾਵਾਂ, ਕਵਿਤਾ, ਕਹਾਣੀ, ਲੇਖ ਜਾ ਕਿਸੇ ਵੀ ਰੂਪ ਵਿਚ, ਕਿਸੇ ਵੀ ਵਿਸ਼ੇ ਉੱਤੇ ਜੋ ਸਮਾਜ ਨੂੰ ਸੇਧ ਦੇਵੇ, ਹੇਂਠ ਲਿਖੇ ਸੰਪਰਕ ਨੰਬਰ 9463010382, 94646-88288 ਉੱਤੇ ਵੱਟਸਅਪ ਰਾਹੀਂ ਭੇਜ ਸਕਦੇ ਹਨ।

ਰਚਨਾਵਾਂ ਕਿਸੇ ਵੀ ਭਾਸ਼ਾ, ਪੰਜਾਬੀ, ਹਿੰਦੀ ਜਾਂ ਅੰਗਰੇਜੀ ਵਿੱਚ ਹੋ ਸਕਦੀਆਂ ਹਨ।

ਲਿਖਤਾਂ ਭੇਜਣ ਦੀ ਅੰਤਿਮ ਮਿਤੀ 25 ਮਈ 2019

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ - 9910210432, 9463010382



Sri Satguru Ram Singh Ji - India's First Freedom Fighter

In fact it is a historical truth that the non-co-operation and Swadishi movement started by Satguru Ram Singh Ji shook the very foundations of the British rule in India.
Guru Ram Singh considered political freedom a part of religion.
The principles of boycott and non-co-operation which Mahatma Gandhi introduced (in the 1920s) so vigorously in India's freedom movement were first used by Satguru Ram Singh Ji in 1857.

15 August 1947 - Indian Independence Day
Kuka Freedom Movement - April 1857

~ never forget their sacrifice ... ~



The First Indian to use Non-Cooperation
and Boycotting of British Merchandise
and Services as a Political Weapon.
:Wikipedia, Encyclopedia
Happy Independence
Founded,
The Non-Cooperation Movement
50 Years before
The Mahatma Gandhi started,
amongst Namdhari (Kuka) Sikhs.
:Dr Rajendra Prasad
It is a historic fact that,
Sri Satguru Ram Singh Ji
was the master planner of
India's freedom movement.
: Jawaharlal Nehru, Subash Chander Bose
Basant Bhinder


ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
Fareedhaa Jangal Jangal Kiaa Bhavehi Van Kanddaa Morraehi ||
Fareed, why do you wander from jungle to jungle, crashing through the thorny trees?
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥
Vasee Rab Hiaaleeai Jangal Kiaa Dtoodtaehi ||19||
The Lord abides in the heart; why are you looking for Him in the jungle? ||19||
- ਸ਼ੇਖ ਫਰੀਦ · ਅੰਗ ੧੩੭੮
© www.sribhainisahib.com

Maya is a serpent, clinging to the world.
Whoever serves her, she ultimately devours.

ਮਾਇਆ ਹੋਈ ਨਾਗਨੀ
ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ
ਤਿਸ ਹੀ ਕਉ ਫਿਰਿ ਖਾਇ ॥



SRI BHAINI SAHIB

Verses from The Adi Guru Granth Sahib Ji, endorsing Vegetarianism or/and forbidding Non - Vegetarianism

ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਕਤੀਆਂ, ਜੋ ਸ਼ਾਕਾਹਾਰੀ ਹੋਣ ਦਾ ਸਮਰਥਨ ਕਰਦੀਆਂ ਹਨ ਜਾਂ/ਅਤੇ ਮਾਸਾਹਾਰ ਵਰਜਣ ਦਾ

- ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥ ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥

You kill living beings, and call it a righteous action. Tell me, brother, what would you call an unrighteous action? You call yourself the most excellent sage; then who would you call a butcher?

ਹੇ ਪਾਂਡੇ! ਇਕ ਪਾਸੇ ਤੁਸੀਂ ਮਾਸ ਖਾਣ ਨੂੰ ਨਿੰਦਦੇ ਹੋ; ਪਰ ਜੱਗ ਕਰਨ ਵੇਲੇ ਤੁਸੀਂ ਭੀ ਜੀਵ ਮਾਰਦੇ ਹੋ, ਤੇ ਇਸਨੂੰ ਧਰਮ ਸਮਝਦੇ ਹੋ। ਜੇ ਜੀਵ ਮਾਰਣ ਵਾਲੇ ਲੋਕ ਰਿਸ਼ੀ ਹੋ ਸਕਦੇ ਹਨ, ਤਾਂ ਤੁਸੀਂ ਕਸਾਈ ਕਿਸ ਨੂੰ ਆਖਦੇ ਹੋ?

- ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥ ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥

Kabeer, they oppress living beings and kill them, and call it proper. When the Lord calls for their account, what will their condition be?

ਹੇ ਕਬੀਰ! ਜੋ ਲੋਕ ਧੱਕਾ ਕਰ ਕੇ (ਗਾਂ ਆਦਿਕ) ਜੀਵਾਂ ਨੂੰ ਮਾਰਦੇ ਹਨ; ਪਰ ਆਖਦੇ ਇਹ ਹਨ ਕਿ (ਇਹ ਜ਼ਬਰ ਕੀਤਾ ਹੋਇਆ ਮਾਸ) ਖੁਦਾ ਦੇ ਨਾਮ ਤੇ ਕੁਰਬਾਨੀ ਦੇ ਲਾਇਕ ਹੋ ਗਿਆ ਹੈ, ਜਦੋਂ ਸਭ ਜੀਵਾਂ ਨਾਲ ਪਿਆਰ ਕਰਨ ਵਾਲਾ ਖੁਦਾ ਇਹਨਾਂ ਲੋਕਾਂ ਪਾਸੋਂ-ਅਮਲਾਂ ਦਾ ਲੇਖਾ ਮੰਗੇਗਾ, ਤਾਂ ਇਹਨਾਂ ਦਾ ਕੀਹ ਹਾਲ ਹੋਵੇਗਾ?

- ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ॥ ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥

You keep your fasts to please Allah, while you murder other beings for pleasure. You look after your own interests, and so not see the interests of others. What good is your word?

(ਕਾਜ਼ੀ) ਰੋਜ਼ਾ ਰੱਖਦਾ ਹੈ (ਰੋਜ਼ਿਆਂ ਦੇ ਅਖੀਰ ਤੇ ਈਦ ਵਾਲੇ ਦਿਨ) ਅੱਲ੍ਹਾ ਦੇ ਨਾਮ ਤੇ ਕੁਰਬਾਨੀ ਦੇਂਦਾ ਹੈ, ਪਰ ਸੁਆਦ ਦੀ ਖਾਤਰ (ਇਹ) ਜੀਵ ਮਾਰਦਾ ਹੈ। ਆਪਣੇ ਹੀ ਸੁਆਦ ਨੂੰ ਅੱਖਾਂ ਅੱਗੇ ਰੱਖ ਕੇ ਹੋਰਨਾਂ ਦੀ ਪਰਵਾਹ ਨਹੀਂ ਕਰਦਾ; ਤਾਂ ਤੇ ਇਹ ਸਭ ਉੱਦਮ ਵਿਅਰਥ ਝਖਾਂ ਮਾਰਨ ਵਾਲੀ ਗੱਲ ਹੀ ਹੈ।

ਦੇਦਾ ਦੇ

ਲੈਦੇ ਥਕਿ ਪਾਹਿ ॥

ਜੁਗਾ ਜੁਗੰਤਰਿ

ਖਾਹੀ ਖਾਹਿ ॥

ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ

ਸੈਮੀਨਾਰ

ਪੰਜਾਬੀ ਹਮਰੀ ਮਾਤ ਭਾਸ਼ਾ ਹੈ।
-ਤਜਿੰਦਰ ਸਿੰਘ

ਪੰਜਾਬੀ ਨੂੰ ਬਚਾਉਣ ਲਈ ਬੱਚਿਆਂ ਨੂੰ ਪੰਜਾਬੀ ਦੇ ਨੇੜੇ ਕਰ ਸਕਦੇ ਹਾਂ।

ਦੀਵਾ ਮੰਮਟੀ ਤੇ ਧਰੀਏ ਜੀ...
ਤਿਲ ਚੌਲ਼ੀ ਸੱਜਣਾਂ ਦੇ...
ਪੰਜਾਬੀ ਹੋਣ ਤੇ ਪੜ੍ਹਣ ਦੀ ਲੋੜ ਏ
"ਸਿੱਧੂ" ਸਦਾ ਹੀ ਮਾਣ ਕਰੀਏ ਜੀ

ਪੰਜਾਬੀ ਤੋਂ ਅੱਖਰ ਹੀ ਨਹੀਂ,
ਸੋਚ ਵੀ ਲੈਣੀ ਚਾਹੀਦੀ ਹੈ।

ਮੈਨੂੰ ਬਹੁਤ ਚੰਗਾ

ਡਿਠਾ ਸਭੁ ਸੰਸਾਰੁ
ਸੁਖੁ ਨ ਨਾਮ ਬਿਨੁ ॥
ਤਨੁ ਧਨੁ ਹੋਸੀ ਛਾਰੁ
ਜਾਣੈ ਕੋਇ ਜਨੁ ॥

I have seen the whole world - without the Lord's Name, there is no peace at all. Body and wealth shall return to dust - hardly anyone realizes this.



ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥
ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥

Without the Guru, pride cannot be eradicated. Following the Guru's Teachings, one obtains Dharmic faith, composure and the Lord's Name.



੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

VISHAV NAMDHARI SANGAT

PRESENTS

SANGEET ~ SAROOP ~ SATGUR



13/10/2019 | PRATAP MANDIR | SRI BHAINI SAHIB | 6:30 PM

सुर | Sur
The 70s & 80s

ताल | Taal
The 70s & 80s

लय | Laya
The 70s & 80s


ਸੀ ਚਾਰੇ ਦਿਸ਼ਾ ਰਾਤ ਹੀ ਰਾਤ ਹੋਈ
ਤੇਰਾ ਮੁਖੜਾ ਤੱਕਿਆ ਤਾਂ ਪ੍ਰਭਾਤ ਹੋਈ


“ਤੁਸਾਂ ਜਦੋਂ ਇਕ ਘੰਟਾ ਨਾਮ ਸਿਮਰਨ ਕਰਨੈ,
ਆਪਣੇ ਮਨ ਵਿਚੋਂ ਹਰ ਕਿਸੇ ਬਾਰੇ ਦੁਸ਼ਮਨੀ ਸਾਰੀ ਬਾਹਰ ਕੱਢ ਕੇ ਕਰੋ”
– ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
www.sribhainisahib.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥




200 ਰੁਪਏ ਅਤੇ 10 ਰੁਪਏ ਦਾ ਕਰੰਸੀ ਸਿੱਕਾ ਜਾਰੀ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ, ਭਾਰਤ ਸਰਕਾਰ ਵੱਲੋਂ, 200 ਰੁਪਏ ਅਤੇ 10 ਰੁਪਏ ਦਾ ਕਰੰਸੀ ਸਿੱਕਾ ਜਾਰੀ ਕੀਤਾ ਗਿਆ ਹੈ।

ਸਿੱਕੇ ਲੈਣ ਲਈ ਸੰਪਰਕ ਕਰੋ, 98722-13113

www.sribhainisahib.com





ਤਿਸ ਜੇਹਾ ਪਹਿਲਾਂ ਨ ਅਗਸੀ, ਸਰਗੁਣ ਤੂੰ ਨਿਰਗੁਣ ਵੀ ਆਪੇ
ਬ੍ਰਹਮਾ ਬਿਸਨ ਮਹੇਸ਼ ਤੇ ਸ਼ਕਤੀ, ਬੇਅੰਤ ਸਰੂਪ ਚ ਵਸਦੇ ਆਪੇ

ਸਰਬ ਕਲਾ ਸਮਰੱਥ ਸ੍ਰੀ ਅਕਾਲ ਪੁਰਖ

ਸਤਿਗੁਰੂ ਜਗਜੀਤ ਸਿੰਘ ਜੀ ਦੇ

੧੦੦ ਵੇਂ






ਪ੍ਰਕਾਸ਼ ਪੁਰਬ

ਦੀਆਂ ਸਾਰੇ ਬ੍ਰਹਿਮੰਡ ਨੂੰ ਬੇਅੰਤ ਬੇਅੰਤ ਵਧਾਈਆਂ

"ਕੱਤਕ ਸੁਦੀ ਇਕਾਦਸ਼ੀ" ੨੩ ਕੱਤਕ ੨੦੭੬ ਬਿ: (08 ਨਵੰਬਰ 2019)


NVS



ਨਾਨਕ
ਨਾਮਿ ਬਿਸਾਰਿਐ
ਨਰਕ ਸੁਰਗ
ਅਵਤਾਰ॥

**O Nanak,
forgetting the Naam,
he is reincarnated into
heaven and hell.**


ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
If you desire to play this game of love with Me,
Then step onto My Path with your head in hand.
Shaheedi Purab
Baba Deep Singh Ji "Shaheed"
© www.sribhainisahib.com


vimeo.com
Dashboard – Prime Video Direct
(2) Sangeet Saroop Satgur - Offers
Watch Sangeet Saroop Satgur Online | Vimeo On Dem...
india news - YouTube
All time: 2 $9.98 0 138 0 0
Analytics
Settings
vimeo
Manage videos
Watch
Solutions
Upload
Subscribe $4.99/mo
SANGEET ~ SAROOP ~ SATGUR
A Musical Journey
Satguru Jagjit Singh Ji
Watch Trailer
Sangeet Saroop Satgur HD
from Kik Butt Entertainment PRO on November 29, 2019
Subscribe $4.99/mo
Unlimited streaming

ਬੁਰੇ ਕਾਮ ਕਉ ਊਠਿ ਖਲੋਇਆ ॥
ਨਾਮ ਕੀ ਬੇਲਾ ਪੈ ਪੈ ਸੋਇਆ ॥੧॥



He gets up early, to do his evil deeds, but when it is time to meditate on the Naam, the Name of the Lord, then he sleeps.

ਨਾਮਧਾਰੀਆਂ ਨੂੰ ਸਤਿਗੁਰਾਂ ਨੇ ਰੰਗੂਨੋਂ ਲਿਖਿਐ,
"ਭਾਈ ਨੀਲਾ ਨਹੀਂ ਕਿਸੇ ਨੇ ਪਹਿਨਣਾ। ਨੀਲਾ
ਪਹਿਨੇ ਤੇ ਮੱਤ ਮਾਰੀ ਜਾਂਦੀ ਹੈ"।
ਸੂਬਿਆਂ ਨੂੰ ਲਿਖਿਆ,"ਬਈ, ਜੇ ਤੁਸੀਂ ਚੰਗੇ ਹੋਵੋਗੇ
ਤੇ ਸਾਨੂੰ ਮਾੜਾ ਕਿਸੇ ਨਹੀਂ ਕਹਿਣਾ"।

ਸਾਹਿਬਜ਼ਾਦਿਆਂ ਦਾ ਖ਼ੂਨ ਜੇ ਡੁੱਲਦਾ ਨਾ, ਸਿਰ ਸਿੱਖੀ ਦੇ ਤਖਤ ਨਾ ਤਾਜ ਰਹਿੰਦਾ।
ਤਾਲੇ ਟੁੱਟਦੇ ਨਾ ਗੁਲਾਮੀਆਂ ਦੇ, ਦੇਸ਼ ਉਵੇ ਹੀ ਅੱਜ ਮੁਥਾਜ ਰਹਿੰਦਾ।



ਨੌਵੇ ਗੁਰੂ ਜੇ ਬਲਿਦਾਨ ਨਾ ਦਿੰਦੇ, ਤੇ ਜੰਞੂ ਲਾਹੁਣ ਦਾ ਅੱਜ ਰਿਵਾਜ ਰਿਹੰਦਾ।
ਦਸਮ ਪਿਤਾ ਸਰਬੰਸ ਜੇ ਵਾਰਦੇ ਨਾ, ਤੇ ਅਮਰ ਅੱਜ ਵੀ ਮੁਗਲ ਦਾ ਰਾਜ ਰਹਿੰਦਾ।

ਧ੍ਰਿਗੁ ਜੀਵਣੁ ਸੰਸਾਰ
ਸਚੇ ਨਾਮ ਬਿਨੁ ॥

Cursed is the life in this world, without the True Name.



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ

Online ਗੁਰਬਾਣੀ ਸੰਥਿਆ

ਹੁਣ ਸ਼ੁਰੂ ਕਰ ਦਿੱਤੀ ਗਈ ਹੈ।

ZOOM

- ਸਮਾਂ - ਸ਼ਾਮ 8 ਵਜੇ ਤੋਂ ਸੰਥਿਆ ਸ਼ੁਰੂ ਕੀਤੀ ਜਾਵੇਗੀ (ਭਾਰਤੀ ਸਮੇਂ ਅਨੁਸਾਰ)।
- ਇਹ ਕਲਾਸ ਇਕ ਮੋਬਾਇਲ ਐਪ ਰਾਹੀਂ ਕੀਤੀ ਜਾਵੇਗੀ, ਜਿਸਦਾ ਨਾਮ ਹੈ **"ZOOM Cloud Meeting"**.
- ਕਲਾਸ ਵਿਚ ਹਿੱਸਾ ਲੈਣ ਲਈ ਆਪ ਜੀ ਨੂੰ ਇਹ ਮੋਬਾਇਲ ਐਪ ਡਾਊਨਲੋਡ ਕਰਨਾ ਪਵੇਗਾ।
- ਐਪ ਵਿਚ ਆਪ ਜੀ ਨੂੰ "4204090122" **Meeting ID** ਭਰਨੀ ਪਵੇਗੀ, ਉਪਰੰਤ ਕਲਾਸ ਸ਼ੁਰੂ ਹੋ ਜਾਵੇਗੀ

ਕਲਾਸ ਲੈਣ ਲਈ ਪਹਿਲਾਂ ਆਪਣਾ ਨਾਮ ਜਰੂਰ ਦਰਜ ਕਰਾਓ ਜੀ –

ਰਾਗੀ ਸ਼ਾਮ ਸਿੰਘ ਜੀ (94653 52700), ਹਰਕੀਰਤ ਸਿੰਘ (94630 10382)

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥

One whose heart is filled with jealousy of others, never comes to any good.





ਸ੍ਰੀ ਸਤਿਗੁਰੂ ਹਰਿ ਰਾਇ ਜੀ ਦੇ
ਪ੍ਰਕਾਸ਼ ਪੁਰਬ 'ਤੇ ਸਾਧ-ਸੰਗਤ ਨੂੰ
ਲੱਖ-ਲੱਖ ਵਧਾਈਆਂ

ਵੱਲੋ: ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥



ਸਾਹਿਬਜ਼ਾਦਾ ਅਜੀਤ ਸਿੰਘ ਜੀ

ਦੇ

ਜਨਮ ਦਿਹਾੜੇ ਦੀਆਂ

ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

www.sribhainisahib.com

KARMA

Sometime after Mata Bhupinder Kaur Ji had passed away, Mata Jiwan Kaur Ji asked Satguru Ji whether He would consider a second marriage. Satguru Ji replied, "If there is one who was as wonderful as Bhupinder Kaur then I am willing." It is Satguru Ji's wish as to whom they wish to give prominence, as in this case, to Mata Ji.

When we start associating labels of good and bad towards people, we should remember that there is someone above us who is the creator of these people. As part of this lifelong spiritual journey when we start associating ourselves with saadh sangat, we become enlightened and learn from Gurbani:

ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ

Mandhaa kis Na Askheeai Jae Tis Bin Koee Naahi

How can we call someone bad, when in fact the Lord resides in everyone?

And:

ਨਮੋ ਅੰਧਕਾਰੇ ਨਮੋ ਤੇਜ ਤੇਜੇ

Namo Andhkdhare Namo Tej Teje

Salutations to the Lord Almighty, creator of both darkness and light

The all-pervading Lord is within everyone, and everything occurs according to His wish. However, reaching the stage where we understand and accept this, is difficult. When we have the peaceful sense of realization that this world and its people are simply a creation of Akaal Purakh and that we are just a minute piece of it all with no control over its functioning.

Sri Satguru Arjan Dev ji tells us through Gurbani that:

ਮਨ ਮੂਰਖ ਕਾਹੇ ਬਿਲਲਾਈਐ

Maan Moorakh Kaahae Bilalaaeeai

O foolish mind, why do you cry

(Discourses – Sri Satguru Jagjit Singh Ji, Page 85)

NAMDHARI SIKH SANGAT

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਗੁਰੂ ਤੇਗ ਬਹਾਦਰ ਸਿਮਰਿਐ। ਘਰ ਨਉ ਨਿਧਿ ਆਵੈ ਧਾਇ॥



ਹਿੰਦ ਦੀ ਚਾਦਰ ਧੰਨ ਧੰਨ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਦੇ
ਪ੍ਰਕਾਸ਼ ਪੁਰਬ
ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਇਆਂ ਹੋਣ ਜੀ

www.sribhainisahib.com

VISHAV
NAMDHARI SANGAT
SRI BHAINI SAHIB

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥

O Guru Amar Das, Your Glorious Virtues are so sublime;
Your Praises belong only to You.



541ਵਾਂ ਪ੍ਰਕਾਸ਼ ਪੁਰਬ ਦਿਵਸ ਸ੍ਰੀ ਗੁਰੂ ਅਮਰ ਦਾਸ ਜੀ

541st Parkash Purab of Sri Guru Amar Das Ji

www.sribhainisahib.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਬੇਰ ਗਿਆਰ੍ਹਵੀਂ ਹਮ ਜਬ ਆਵਹਿੰ । ਤਾਂ ਤੇ ਕੋਇਕ ਹਮ ਲਖ ਪਾਵਹਿ ।

When I appear in the eleventh reincarnation, then only few will comprehend me.



208 ਵਾਂ ਗੁਰਗੱਦੀ ਦਿਵਸ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

208th Gurgaddi Divas of Sri Satguru Balak Singh Ji

www.sribhainisahib.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥

The God-conscious being is the Creator of all the world.
The God-conscious being lives forever, and does not die.



ਜੋਤੀ ਜੋਤਿ ਦਿਵਸ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ

Jyoti Jot Diwas of Sri Satguru Gobind Singh Ji